ਪੰਜਾਬੀ / PUNJABI

ਪੇਪਰ I / Paper I

(ਸਾਹਿਤ) / (LITERATURE)

ਨਿਰਧਾਰਿਤ ਸਮਾਂ : **ਤਿੰਨ** ਘੰਟੇ
*Time Allowed : **Three** Hours*

ਕੁੱਲ ਅੰਕ : **250**
*Maximum Marks : **250***

ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ। ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉੱਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।

Question Paper Specific Instructions

Please read each of the following instructions carefully before attempting questions :

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

The number of marks carried by a question / part is indicated against it.

*Answers must be written in **PUNJABI (Gurumukhi script)**.*

Word limit in questions, wherever specified, should be adhered to.

Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.

Optional Province · optionalprovince.com

SECTION A

Q1. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰ ਪ੍ਰਸ਼ਨ ਦਾ ਉੱਤਰ ਲਗਭਗ 150 ਸ਼ਬਦਾਂ ਤੱਕ ਸੀਮਿਤ ਰੱਖੋ । *10×5=50*

(a) ਸੁਰ (ਟੋਨ) ਪੰਜਾਬੀ ਭਾਸ਼ਾ ਦੀ ਵਿਲੱਖਣ ਪਛਾਣ ਕਿਉਂ ਮੰਨੀ ਜਾਂਦੀ ਹੈ ? *10*

(b) ਪੰਜਾਬੀ ਦਾ ਜਨਮ ਪੈਸ਼ਾਦੀ ਅਪਭ੍ਰੰਸ਼ ਤੋ ਹੋਣ ਦੀ ਧਾਰਨਾਂ ਕਿਸ ਦੀ ਦੇਣ ਹੈ ? ਇਹ ਧਾਰਨਾਂ ਉਚਿਤ ਹੈ ਜਾਂ ਅਨਉਚਿਤ ? *10*

(c) ਪੰਜਾਬੀ ਵਿੱਚ ਪੁਲਿੰਗ ਤੋਂ ਇਸਤਰੀ ਲਿੰਗ ਬਣਾਉਣ ਦੇ ਮੁੱਖ ਪੈਟਰਨ ਉਦਾਹਰਨਾਂ ਦੇ ਕੇ ਸਮਝਾਓ । *10*

(d) ਗੁਰਮੁਖੀ ਲਿਪੀ ਦੇ ਆਰੰਭ ਅਤੇ ਵਿਕਾਸ ਬਾਰੇ ਭਾਵਪੂਰਨ ਚਰਚਾ ਕਰੋ । *10*

(e) ਪੰਜਾਬੀ ਸਾਹਿਤ ਪਰੰਪਰਾ ਵਿੱਚ ਕਿੱਸਾ-ਕਾਵਿ ਨੂੰ ਵਿਸ਼ੇਸ਼ ਮਹੱਤਤਾ ਕਿਉਂ ਪ੍ਰਾਪਤ ਹੈ ? *10*

Q2. (a) ਪੰਜਾਬੀ ਵਿਚ ਵਾਕਾਂ ਦੀਆਂ ਕਿਸਮਾਂ ਦੀ ਜਾਣਕਾਰੀ ਦਿੰਦੇ ਹੋਏ, ਸਾਧਾਰਨ ਵਾਕ ਦੀ ਬਣਤਰ ਦੇ ਪੰਜ ਮੁਖ ਪੈਟਰਨ ਉਦਾਹਰਣਾਂ ਦੇ ਕੇ ਸਪਸ਼ਟ ਕਰੋ । *20*

(b) ਪੰਜਾਬੀ ਦੀਆਂ ਸਵੱਰ ਧੁਨੀਆਂ ਦਾ ਵਰਗੀਕਰਨ ਉਨ੍ਹਾਂ ਦੇ ਉਚਾਰਣ ਲਈ ਲੋੜੀਂਦੀ ਜੀਤ ਤੇ ਬੁਲ੍ਹਾਂ ਦੀ ਵਰਤੋਂ ਦੇ ਆਧਾਰ ਉਤੇ ਕਰੋ । *15*

(c) ਜਨਮ ਸਾਖੀਆਂ ਦੀਆਂ ਮੁਖ ਪਰੰਪਰਾਵਾਂ ਦੀ ਜਾਣਕਾਰੀ ਦਿਉ । *15*

Q3. (a) ਮਾਝੀ ਤੇ ਪੋਠੋਹਾਰੀ ਕਿਹੜੇ ਇਲਾਕਿਆਂ ਵਿਚ ਬੋਲੀਆਂ ਜਾਂਦੀਆਂ ਹਨ ? ਇਨ੍ਹਾਂ ਦੀਆਂ ਵਿਲਖਣ ਵਿਸ਼ੇਸ਼ਤਾਵਾਂ ਨਾਲ ਤੁਲਨਾਤਮਕ ਜਾਣ ਪਛਾਣ ਕਰਾਉ । *20*

(b) ਪੂਰਵ ਨਾਨਕ ਕਾਲ ਦੇ ਵਾਰ ਸਾਹਿਤ ਦੀ ਜਾਣਕਾਰੀ ਦਿਉ । *15*

(c) ਪੰਜਾਬੀ ਭਾਸ਼ਾ ਦੇ ਜਨਮ ਬਾਰੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੇ ਵਿਚਾਰ ਦੱਸੋ । *15*

Optional Province · optionalprovince.com

Q4. (a) ਗੁਰਮਤਿ ਤੇ ਸ਼ੁਛੀ ਕਾਵਿ-ਧਾਰਾਵਾਂ ਵਿਚ ਸਮਾਨਤਾਵਾਂ ਅਤੇ ਸਿੱਧਾਂਤਕ ਵਖਰੇਵਿਆਂ ਦੀ ਜਾਣਕਾਰੀ ਉਦਾਹਰਣਾਂ ਸਹਿਤ ਦਿਉ । *20*

(b) ਆਰੰਭਕ ਪੰਜਾਬੀ ਭਾਸ਼ਾ ਦੇ ਮੁਕਾਬਲੇ ਵਰਤਮਾਨ ਭਾਸ਼ਾ ਤੱਕ ਆਏ ਅੰਤਰ ਦੀ ਪ੍ਰਕਿਰਿਆ ਦਾ ਵਿਵੇਚਨ ਕਰੋ । *15*

(c) ਪੰਜਾਬੀ ਭਾਸ਼ਾ ਨੂੰ ਸ਼ੁਧ ਰੂਪ ਵਿਚ ਲਿਖਣ ਲਈ ਦੇਵ ਨਾਗਰੀ, ਪਰਸ਼ੀਅਨ ਤੇ ਰੌਮਨ ਲਿਪੀਆਂ ਕਿਉਂ ਤੇ ਕਿਵੇਂ ਅਧੂਰੀਆਂ ਹਨ ? *15*

Optional Province · optionalprovince.com

SECTION B

Q5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰ ਪ੍ਰਸ਼ਨ ਦਾ ਉੱਤਰ ਲਗਭਗ 150 ਸ਼ਬਦਾਂ ਤੱਕ ਸੀਮਿਤ ਰੱਖੋ । *10×5=50*

(a) ਪ੍ਰਯੋਗ ਵਾਦੀਆਂ ਨੇ ਅੰਮ੍ਰਿਤਾ-ਮੋਹਨ ਸਿੰਘ ਦੀ ਕਾਵਿ-ਧਾਰਾਂ ਦੀਆਂ ਕਿਹੜੀਆਂ ਸੀਮਾਵਾਂ ਤੋਂ ਮੁਕਤ ਹੋਣ ਦੀ ਦਲੀਲ ਦਿਤੀ ? *10*

(b) "ਲੋਕ ਗੀਤ ਦੀ ਸਿਰਜਨ ਪ੍ਰਕ੍ਰਿਆ ਹੀ ਇਸ ਨੂੰ ਗੀਤ ਨਾਲੋਂ ਨਿਖੇੜ ਦਿੰਦੀ ਹੈ ।" ਵਿਆਖਿਆ ਕਰੋ । *10*

(c) ਸੁਖਬੀਰ ਦੀ ਨਾਵਲ ਕਲਾ ਦੀ ਨਿਵੇਕਲੀ ਪਛਾਣ ਬਣਾਉਣ ਵਾਲੇ ਲੱਛਣ ਦਸੋ । *10*

(d) ਪ੍ਰੋ. ਮੋਹਨ ਸਿੰਘ ਦੀ ਪੰਜਾਬੀ ਮਹਾਂ-ਕਾਵਿ ਨੂੰ ਕੀ ਦੇਣ ਹੈ ? *10*

(e) ਉਰਦੂ ਫ਼ਾਰਸੀ ਨੇ ਪੰਜਾਬੀ ਸਾਹਿਤ ਨੂੰ ਸਮਾਜਕ ਤੇ ਸਭਿਆਚਾਰਕ ਪਖੋਂ ਕਿਵੇਂ ਪ੍ਰਭਾਵਿਤ ਕੀਤਾ ਹੈ ? *10*

Q6. (a) ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਦੇ ਮੁਖ ਲੱਛਣ ਦਸਦੇ ਹੋਏ ਇਸ ਦੇ ਦੋ ਪ੍ਰਤਿਨਿਧ ਕਵੀਆਂ ਨਾਲ ਜਾਣ ਪਛਾਣ ਕਰਵਾਉ । *20*

(b) ਪਰੰਪਰਾ ਤੇ ਆਧੁਨਿਕਤਾ ਬਾਰੇ ਡਾ. ਅਤਰ ਸਿੰਘ ਦੇ ਸੰਕਲਪ ਦੀ ਜਾਣਕਾਰੀ ਦਿਉ । *15*

(c) ਆਈ.ਸੀ. ਨੰਦਾ ਨੂੰ ਪੰਜਾਬੀ ਨਾਟਕ ਤੇ ਰੰਗਮੰਚ ਦੋਹਾਂ ਦਾ ਮੋਢੀ ਕਿਉਂ ਮੰਨਿਆ ਜਾਂਦਾ ਹੈ ? *15*

Q7. (a) ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਵਿਸ਼ੇ ਤੇ ਸ਼ੈਲੀ ਦੀ ਵੰਨ ਸੁਵੰਨਤਾ ਨਾਲ ਜਾਣ ਪਛਾਣ ਕਰਵਾਓ । *20*

(b) ਅਖਾਣਾਂ ਤੇ ਬੁਝਾਰਤਾਂ ਦਾ ਸਭਿਆਚਾਰਕ ਤੇ ਸਾਹਿਤਕ ਮਹਤਵ ਸਪਸ਼ਟ ਕਰੋ । *15*

(c) ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਵਾਰਤਕ ਨੇ ਪੰਜਾਬੀ ਸਾਹਿਤ ਤੇ ਸਮਾਜ ਨੂੰ ਕੀ ਦੇਣ ਦਿੱਤੀ ਹੈ ? *15*

Q8. (a) ਪੰਜਾਬੀ ਆਲੋਚਨਾ ਦਾ ਮੂੰਹ ਮੱਥਾ ਬਦਲਣ ਵਿਚ ਸੰਤ ਸਿੰਘ ਸੇਖੋਂ ਅਤੇ ਹਰਿਭਜਨ ਸਿੰਘ ਦਾ ਯੋਗਦਾਨ ਇਤਿਹਾਸਕ ਮਹੱਤਵ ਵਾਲਾ ਹੈ । – ਵਿਆਖਿਆ ਕਰੋ । *20*

(b) ਵਿਸ਼ੇ ਦੀ ਚੋਣ ਅਤੇ ਨਿਭਾਅ ਪਖੋਂ ਸੁਰਜੀਤ ਪਾਤਰ ਦੀ ਕਵਿਤਾ ਦੀ ਵਿਲੱਖਣਤਾ ਨਿਸ਼ਚਿਤ ਕਰੋ । *15*

(c) ਸੁਲਤਾਨਬਾਹੂ ਦੀਆਂ ਸੀਹਰਫ਼ੀਆਂ ਵਿਚੋ ਕਿਸਤਰਾਂ ਦੇ ਸੂਫ਼ੀ ਰਹੱਸਵਾਦ ਦੇ ਦਰਸ਼ਨ ਹੁੰਦੇ ਹਨ ? ਸਪਸ਼ਟ ਕਰੋ । *15*

Optional Province · optionalprovince.com